Sl. No. of Q.P.: 5048

| | | |
|---|---|---|
| Unique Paper Code | : | 212482 |
| Name of the Paper | : | Punjabi Compulsory B |
| Name of the Course | : | B.Com. (Prog.) |
| Semester | : | IVth |
| Duration | : | 3 Hours |
| Maximum Marks | : | 75 Marks |

E

---

ਨੋਟ :- ਪ੍ਰਸ਼ਨ ਪੱਤਰ ਦੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1 ੳ) ਸਵੈਜੀਵਨੀ ਦੀ ਪਰਿਭਾਸ਼ਾ ਕਰਦੇ ਹੋਏ, ਇਸ ਦੇ ਪ੍ਰਮੁੱਖ ਤੱਤਾਂ ਨਾਲ ਜਾਣ-ਪਛਾਣ ਕਰਾਉ।

ਜਾਂ

ਬਚਿੰਤ ਕੌਰ ਦੀ ਸਵੈਜੀਵਨੀ 'ਪਗਡੰਡੀਆਂ' ਦਾ ਪੰਜਾਬੀ ਸਵੈਜੀਵਨੀ ਸਾਹਿਤ ਦੇ ਖੇਤਰ ਵਿਚ ਸਥਾਨ ਨਿਸ਼ਚਿਤ ਕਰੋ। 10

ਅ) ਹੇਠ ਲਿਖੇ ਕਾਂਡਾਂ ਵਿਚੋਂ ਕਿਸੇ **ਇਕ** ਕਾਂਡ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ:-

i. ਤਿਥਿ ਵਾਰ ਨਾ ਅੰਮੜੀ ਜਾਣੇ

ii. ਸ਼ੀਸ਼ ਮਹਿਲ

iii. ਮਾਰੂਥਲ ਦੀਆਂ ਪੈੜਾਂ

iv. ਜੋਬਨ ਰੁੱਤ 10

ੲ) ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੋਈ **ਪੰਜ** ਪ੍ਰਸ਼ਨਾਂ ਦਾ ਉੱਤਰ ਦਿਉ:-

i. ਬਚਿੰਤ ਕੌਰ ਦੀ ਸਵੈਜੀਵਨੀ 'ਪਗਡੰਡੀਆਂ' ਵਿਚੋਂ ਨਾਰੀ ਦਾ ਕਿਹੋ ਜਿਹਾ ਰੂਪ ਉਜਾਗਰ ਹੁੰਦਾ ਹੈ?

ii. ਲੇਖਿਕਾ ਦੀ ਪਹਿਲੀ ਕਹਾਣੀ 'ਦੀਵਾਲੀ ਵਾਲੀ ਰਾਤ' ਲੇਖਿਕਾ ਦੇ ਜੀਵਨ ਦੀ ਕਿਸ ਘਟਨਾ ਨਾਲ ਸੰਬੰਧਤ ਹੈ?

iii. ਲੇਖਿਕਾ ਨੂੰ ਵਿਆਹ ਤੋਂ ਬਾਅਦ ਕਿਹੜੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ?

iv. ਰਾਜ ਦੇ ਮੌਤ ਦੀ ਖ਼ਬਰ ਸੁਣ ਕੇ ਲੇਖਿਕਾ ਨੂੰ ਕਿਹੋ ਜਿਹਾ ਮਹਿਸੂਸ ਹੋਇਆ?

v. 'ਪਗਡੰਡੀਆਂ' ਤੋਂ ਇਲਾਵਾ ਬਚਿੰਤ ਕੌਰ ਦੀਆਂ ਦੋ ਹੋਰ ਪੁਸਤਕਾਂ ਦੇ ਨਾਂ ਦਸੋ?

vi. ਕੀ 'ਪਗਡੰਡੀਆਂ' ਸਵੈਜੀਵਨੀ ਲੇਖਿਕਾ ਦੇ ਮਹਾਂਬਿੰਬ ਨੂੰ ਉਭਾਰਨ ਵਿਚ ਸਫ਼ਲ ਰਹੀ ਹੈ?

vii. 'ਪਗਡੰਡੀਆਂ' ਤੋਂ ਛੁੱਟ ਕੋਈ ਦੋ ਹੋਰ ਇਸਤਰੀ ਲੇਖਿਕਾਵਾਂ ਅਤੇ ਉਨ੍ਹਾਂ ਦੀਆਂ ਸਵੈਜੀਵਨੀਆਂ ਦੇ ਨਾਂ ਦੱਸੋ?

viii. 'ਕਿਸੇ ਪੱਥਰ ਦੀ ਕੀ ਕੋਈ ਜਨਮ ਤਿਥਿ ਯਾਦ ਰਖਦਾ ਹੈ?' ਤੋਂ ਲੇਖਿਕਾ ਦਾ ਕੀ ਭਾਵ ਹੈ? 10

2) ਗੁਰਮੁਖੀ ਲਿਪੀ ਦੀਆਂ ਵਿਸ਼ੇਸ਼ਤਾਵਾਂ ਉਪਰ ਚਰਚਾ ਕਰੋ।

ਜਾਂ

ਗੁਰਮੁਖੀ ਲਿਪੀ ਦੇ ਜਨਮ ਅਤੇ ਵਿਕਾਸ ਉਪਰ ਚਾਨਣਾ ਪਾਉ। 15

3) ਲੋਕ ਕਾਵਿ ਦਾ ਸਮਾਜਕ ਮਹੱਤਵ ਆਪਣੇ ਸ਼ਬਦਾਂ ਵਿਚ ਬਿਆਨ ਕਰੋ।

ਜਾਂ

ਲੋਕ ਕਾਵਿ ਦੀ ਪਰਿਭਾਸ਼ਾ ਕਰਦੇ ਹੋਏ, ਵਿਆਹ ਨਾਲ ਸੰਬੰਧਤ **ਤਿੰਨ** ਲੋਕ ਕਾਵਿ-ਰੂਪਾਂ ਦੀ ਸੰਖੇਪ ਚਰਚਾ ਕਰੋ। 10

4) ਤੁਹਾਡੇ ਇਲਾਕੇ ਵਿਚ ਅੱਧੀ ਰਾਤ ਤਕ ਲਾਊਡ ਸਪੀਕਰ ਵੱਜਦੇ ਰਹਿੰਦੇ ਹਨ। ਆਪਣੇ ਜਿਲ੍ਹਾ ਕਮਿਸ਼ਨਰ ਨੂੰ ਇਸ ਕਾਰਨ ਹੋ ਰਹੀਆਂ ਪਰੇਸ਼ਾਨੀਆਂ ਤੋਂ ਜਾਣੂ ਕਰਾਉ ਅਤੇ ਇਸ ਉਪਰ ਰੋਕ ਲਗਾਉਣ ਲਈ ਬੇਨਤੀ-ਪੱਤਰ ਲਿਖੋ।

ਜਾਂ

ਆਪਣੀ ਸਹੇਲੀ ਜਾਂ ਮਿੱਤਰ ਨੂੰ ਪ੍ਰੀਖਿਆ ਤੋਂ ਬਾਅਦ ਕੁਝ ਦਿਨ ਤੁਹਾਡੇ ਸ਼ਹਿਰ ਘੁੰਮਣ ਫਿਰਨ ਦਾ ਸੱਦਾ ਦਿਉ। 10

5) ਨਾਂਵ **ਜਾਂ** ਵਿਸ਼ੇਸ਼ਣ ਦੀ ਪਰਿਭਾਸ਼ਾ ਕਰਦੇ ਹੋਏ, ਇਸਦੇ ਪ੍ਰਮੁੱਖ ਭੇਦਾਂ ਦੀ ਚਰਚਾ ਕਰੋ। 05

6) ਹੇਠ ਦਿੱਤੇ ਅਗੇਤਰ ਲਗਾ ਕੇ **ਦੋ-ਦੋ** ਸ਼ਬਦ ਬਣਾਉ:-

ਉਪ, ਸਬ, ਬਦ, ਖੁਸ਼, ਲਾ 05